# ਅਗਲੇਰੀ ਕਾਰਵਾਈ ਦਾ ਨੋਟਿਸ

**ਅੰਤਰਿਮ ਗੈਰ-ਪੁਸ਼ਟੀ (Tentative Nonconfirmation - TNC)**

**(ਸੋਸ਼ਲ ਸਕਿਊਰਟੀ ਐਡਮਿਨਿਸਟ੍ਰੇਸ਼ਨ (SSA) ਅਤੇ ਯੂ.ਐੱਸ. ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਟੀ (DHS))**

| ***For SSA Field Office Staff: use EV-STAR and see POMS RM 10245.005ff*** | |
|---|---|
| | |
| ਕਰਮਚਾਰੀ ਦੇ ਨਾਮ ਦਾ ਆਖਰੀ ਭਾਗ, ਪਹਿਲਾ ਭਾਗ | ਕਰਮਚਾਰੀ ਦਾ ਸੋਸ਼ਲ ਸਕਿਊਰਟੀ ਨੰਬਰ |
| | |
| ਕਰਮਚਾਰੀ ਦਾ A-ਨੰਬਰ | ਕਰਮਚਾਰੀ ਦੇ ਜਨਮ ਦਾ ਮਹੀਨਾ/ਸਾਲ |
| | |
| ਅੰਤਰਿਮ ਗੈਰ-ਪੁਸ਼ਟੀ ਦੀ ਤਾਰੀਖ਼ | ਕੇਸ ਪੁਸ਼ਟੀਕਰਨ ਸੰਖਿਆ |
| ਇਸ ਨੋਟਿਸ ਵਾਸਤੇ ਕਾਰਨ: | |

ਤੁਹਾਡਾ ਰੁਜ਼ਗਾਰਦਾਤਾ, [EMPLOYER NAME], E-Verify (ਈ-ਵੇਰੀਫਾਈ) ਵਿੱਚ ਭਾਗ ਲੈਂਦਾ ਹੈ। E-Verify ਸਿਸਟਮ ਤੁਹਾਡੇ ਵੱਲੋਂ ਆਪਣੇ ਫ਼ਾਰਮ I-9 (ਰੁਜ਼ਗਾਰ ਯੋਗਤਾ ਪੁਸ਼ਟੀਕਰਨ - Employment Eligibility Verification) ਉੱਤੇ ਪ੍ਰਦਾਨ ਕੀਤੀ ਗਈ ਜਾਣਕਾਰੀ ਦੀ ਤੁਲਨਾ ਸੋਸ਼ਲ ਸਕਿਊਰਿਟੀ ਐਡਮਿਨਿਸਟ੍ਰੇਸ਼ਨ (SSA) ਅਤੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਟੀ (DHS) ਦੇ ਰਿਕਾਰਡਾਂ ਨਾਲ ਇਹ ਪੁਸ਼ਟੀ ਕਰਨ ਲਈ ਕਰਦਾ ਹੈ ਕਿ ਤੁਸੀਂ ਯੂਨਾਈਟਡ ਸਟੇਟਸ ਵਿੱਚ ਕੰਮ ਕਰਨ ਲਈ ਅਧਿਕਾਰਿਤ ਹੋ।ਤੁਹਾਨੂੰ ਇਹ ਨੋਟਿਸ ਕਿਉਂ ਪ੍ਰਾਪਤ ਹੋਇਆ:

ਤੁਹਾਨੂੰ [EMPLOYER NAME] ਕੋਲੋਂ ਅਗਲੇਰੀ ਕਾਰਵਾਈ ਦਾ ਨੋਟਿਸ ਇਸ ਲਈ ਪ੍ਰਾਪਤ ਹੋਇਆ ਕਿਉਂਕਿ ਇੰਞ ਜਾਪਦਾ ਹੈ ਕਿ ਤੁਹਾਡੇ ਰੁਜ਼ਗਾਰਦਾਤਾ ਵੱਲੋਂ E-Verify ਵਿੱਚ ਦਾਖਲ ਕੀਤੀ ਗਈ ਕੁਝ ਜਾਣਕਾਰੀ ਉਹਨਾਂ ਰਿਕਾਰਡਾਂ ਨਾਲ ਮੇਲ਼ ਨਹੀਂ ਖਾਂਦੀ ਜੋ DHS ਅਤੇ SSA ਨੇ ਤੁਹਾਡੇ ਬਾਰੇ ਰੱਖੇ ਹੋਏ ਹਨ। ਇਸਦਾ ਜ਼ਰੂਰੀ ਤੌਰ 'ਤੇ ਇਹ ਮਤਲਬ ਨਹੀਂ ਹੈ ਕਿ ਤੁਸੀਂ ਆਪਣੇ ਰੁਜ਼ਗਾਰਦਾਤਾ ਨੂੰ ਗਲਤ ਜਾਣਕਾਰੀ ਦਿੱਤੀ ਸੀ, ਜਾਂ ਇਹ ਕਿ ਤੁਸੀਂ ਯੂਨਾਈਟਡ ਸਟੇਟਸ ਵਿੱਚ ਕੰਮ ਕਰਨ ਲਈ ਅਧਿਕਾਰਿਤ ਨਹੀਂ ਹੋ। ਬਹੁਤ ਸਾਰੇ ਕਾਰਨ ਹਨ ਜਿੰਨ੍ਹਾਂ ਕਰਕੇ ਹੋ ਸਕਦਾ ਹੈ ਤੁਹਾਡੀ ਜਾਣਕਾਰੀ ਮੇਲ਼ ਨਾ ਖਾਈ ਹੋਵੇ – ਇਹਨਾਂ ਕਾਰਨਾਂ ਬਾਰੇ ਤੁਸੀਂ ਔਨਲਾਈਨ ਪੜ੍ਹ ਸਕਦੇ ਹੋ (https://www.uscis.gov/e-verify/employees/tentative-nonconfirmation-overview )।

ਅੱਗੇ, ਇਸ ਤੋਂ ਪਹਿਲਾਂ ਕਿ E-Verify ਤੁਹਾਡੇ ਰੁਜ਼ਗਾਰਦਾਤਾ ਨੂੰ ਇਹ ਦੱਸ ਸਕੇ ਕਿ ਤੁਸੀਂ ਯੂਨਾਈਟਡ ਸਟੇਟਸ ਵਿੱਚ ਕੰਮ ਕਰਨ ਲਈ ਅਧਿਕਾਰਿਤ ਹੋ, ਤੁਹਾਨੂੰ ਕੁਝ ਕਦਮ ਉਠਾਉਣੇ ਪੈਣਗੇ।

## ਤੁਹਾਨੂੰ ਕੀ ਕਰਨ ਦੀ ਲੋੜ ਹੈ:

1. ਇਸ ਪੰਨੇ ਦੇ ਸਿਖਰ 'ਤੇ ਦਿੱਤੀ ਆਪਣੀ ਜਾਣਕਾਰੀ ਦੀ ਸਮੀਖਿਆ ਕਰੋ**।** ਜੇ ਕੋਈ ਗਲਤੀਆਂ ਹਨ ਤਾਂ [EMPLOYER NAME] ਨੂੰ ਦੱਸੋ। ਤੁਹਾਡਾ ਰੁਜ਼ਗਾਰਦਾਤਾ ਇਸ ਕੇਸ ਨੂੰ ਬੰਦ ਕਰਨ ਅਤੇ ਸਹੀ ਜਾਣਕਾਰੀ E-Verify ਵਿੱਚ ਦੁਬਾਰਾ ਭਰਨ ਦੇ ਯੋਗ ਹੋਵੇਗਾ, ਉਮੀਦ ਹੈ ਕਿ ਇਸ ਨਾਲ ਮਾਮਲਾ ਸੁਲਝ ਜਾਵੇਗਾ। ਜੇ ਤੁਹਾਡੀ ਜਾਣਕਾਰੀ ਸਹੀ ਹੈ, ਤਾਂ ਕਦਮ 2 'ਤੇ ਚਲੇ ਜਾਓ।

2. ਫੈਸਲਾ ਕਰੋ ਕਿ ਕੀ ਇਸ ਮਸਲੇ ਨੂੰ ਹੱਲ ਕਰਨ ਲਈ ਤੁਸੀਂ ਕਾਰਵਾਈ ਕਰਨੀ ਚਾਹੁੰਦੇ ਹੋ**।** ਜੇ ਤੁਹਾਡੀ ਉਪਰੋਕਤ ਜਾਣਕਾਰੀ ਸਹੀ ਹੈ, ਤਾਂ ਤੁਸੀਂ ਆਪਣੇ ਰਿਕਾਰਡ ਨੂੰ ਸਹੀ ਕਰਨ ਲਈ ਕਾਰਵਾਈ ਕਰ ਸਕਦੇ ਹੋ ਤਾਂ ਜੋ DHS ਅਤੇ SSA ਦੇ ਰਿਕਾਰਡ ਇਹ ਝਲਕ ਦੇਣ ਕਿ ਤੁਸੀਂ ਯੂਨਾਈਟਡ ਸਟੇਟਸ ਵਿੱਚ ਕੰਮ ਕਰਨ ਲਈ ਅਧਿਕਾਰਿਤ ਹੋ।

ਜੇ ਤੁਸੀਂ ਇਸ ਮਸਲੇ ਨੂੰ ਹੱਲ ਕਰਨ ਲਈ ਕਾਰਵਾਈ ਨਾ ਕਰਨ ਦਾ ਫੈਸਲਾ ਕਰਦੇ ਹੋ, ਤਾਂ E-Verify ਸਿਸਟਮ ਇਹ ਪੁਸ਼ਟੀ ਕਰਨ ਦੇ ਅਯੋਗ ਹੋਵੇਗਾ ਕਿ ਤੁਸੀਂ ਯੂਨਾਈਟਡ ਸਟੇਟਸ ਵਿੱਚ ਕੰਮ ਕਰਨ ਲਈ ਅਧਿਕਾਰਿਤ ਹੋ ਅਤੇ ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਰੁਜ਼ਗਾਰ ਨੂੰ ਸਮਾਪਤ ਕਰ ਸਕਦਾ ਹੈ।

ਕਰਮਚਾਰੀ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ www.uscis.gov/e-verify/employees/employee-rights-and-responsibilities ਦੇਖੋ।

## ਕਿਸੇ ਕੇਸ ਨੂੰ ਹੱਲ ਕਰਨ ਲਈ ਕਾਰਵਾਈ ਕਰਨਾ:

ਜਿਸ ਤਾਰੀਖ਼ ਨੂੰ ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਕੇਸ ਨੂੰ E-Verify ਵਿੱਚ ਭੇਜਦਾ ਹੈ ਉਸ ਦਿਨ ਤੋਂ ਲੈਕੇ ਕਾਰਵਾਈ ਕਰਨ ਲਈ (ਕਿਸੇ SSA ਫੀਲਡ ਆਫਿਸ ਵਿੱਚ ਜਾਓ ਅਤੇ DHS ਨਾਲ ਸੰਪਰਕ ਕਰੋ) ਤੁਹਾਡੇ ਕੋਲ ਸੰਘੀ ਸਰਕਾਰ ਦੇ 8 ਕਾਰੋਬਾਰੀ ਦਿਨ ਹੁੰਦੇ ਹਨ। ਤੁਹਾਡੇ ਰੁਜ਼ਗਾਰਦਾਤਾ ਨੂੰ ਲਾਜ਼ਮੀ ਤੌਰ 'ਤੇ ਤੁਹਾਨੂੰ ਇੱਕ ਸਿਫਾਰਸ਼ ਕੀਤੀ ਤਾਰੀਖ਼ ਦੀ ਪੁਸ਼ਟੀ (Referral Date Confirmation) ਦੇਣੀ ਚਾਹੀਦੀ ਹੈ, ਜੋ ਤੁਹਾਨੂੰ ਉਸ ਤਾਰੀਖ਼ ਬਾਰੇ ਦੱਸੇਗੀ ਜਿਸ ਤਾਰੀਖ਼ ਤੱਕ ਤੁਹਾਡੇ ਲਈ SSA ਕੋਲ ਜਾਣਾ ਅਤੇ DHS ਨਾਲ ਸੰਪਰਕ ਕਰਨਾ ਲਾਜ਼ਮੀ ਹੈ।

---

**SSA** ਫੀਲਡ ਆਫਿਸ ਵਿਖੇ ਜਾਓ:

ਇਸ ਮਸਲੇ ਨੂੰ ਹੱਲ ਕਰਨਾ ਸ਼ੁਰੂ ਕਰਨ ਲਈ ਕਾਰਵਾਈ ਕਰਨ ਵਾਸਤੇ, ਤੁਹਾਨੂੰ ਲਾਜ਼ਮੀ ਤੌਰ 'ਤੇ ਕਿਸੇ SSA ਫੀਲਡ ਆਫਿਸ ਵਿਖੇ ਜਾਣਾ ਚਾਹੀਦਾ ਹੈ ਤਾਂ ਜੋ ਤੁਹਾਡੀ ਜਾਣਕਾਰੀ ਨੂੰ ਅੱਪਡੇਟ ਕੀਤਾ ਜਾ ਸਕੇ। ਜੇ ਤੁਸੀਂ ਕਿਸੇ ਅਜਿਹੇ ਖੇਤਰ ਵਿੱਚ ਰਹਿੰਦੇ ਹੋ ਜਿੱਥੇ SSA ਕਾਰਡ ਸੈਂਟਰ ਹੈ, ਤਾਂ ਤੁਹਾਨੂੰ ਕਾਰਡ ਸੈਂਟਰ ਵਿਖੇ ਜਾਣ ਦੀ ਲੋੜ ਹੁੰਦੀ ਹੈ। ਕੋਈ SSA ਆਫਿਸ ਲੱਭਣ ਲਈ, www.socialsecurity.gov/locator ਦੇਖੋ, ਜਾਂ SSA ਨੂੰ 800-772-1213 (TTY: 800-325-0778) 'ਤੇ ਕਾਲ ਕਰੋ।

ਜਦ ਤੁਸੀਂ SSA ਵਿਖੇ ਜਾਂਦੇ ਹੋ ਤਾਂ ਇਸ ਅਗਲੇਰੀ ਕਾਰਵਾਈ ਦੇ ਨੋਟਿਸ ਨੂੰ ਨਾਲ ਲੈਕੇ ਜਾਓ। SSA ਨੂੰ ਦੱਸੋ ਕਿ ਤੁਹਾਨੂੰ E-Verify ਸਿਸਟਮ ਸਬੰਧੀ ਸਮੱਸਿਆ ਹੈ।

SSA ਬਿਨਾਂ ਸਬੂਤ ਦੇ ਤੁਹਾਡੇ ਰਿਕਾਰਡ ਨੂੰ ਅੱਪਡੇਟ ਨਹੀਂ ਕਰ ਸਕਦਾ ਕਿ ਤਬਦੀਲੀ ਦੀ ਲੋੜ ਹੈ। ਹੇਠਾਂ ਉਹਨਾਂ ਦਸਤਾਵੇਜ਼ਾਂ ਦੀਆਂ ਕੁਝ ਉਦਾਹਰਨਾਂ ਹਨ ਜਿੰਨ੍ਹਾਂ ਦੀ ਤੁਹਾਨੂੰ ਆਪਣੀ ਉਮਰ, ਪਛਾਣ, ਨਾਮ ਵਿੱਚ ਤਬਦੀਲੀ, ਅਤੇ ਨਾਗਰਿਕਤਾ ਦਰਜੇ ਨੂੰ ਸਾਬਤ ਕਰਨ ਲਈ ਲੋੜ ਪੈ ਸਕਦੀ ਹੈ। ਅਸਲੀ ਦਸਤਾਵੇਜ਼ ਲੈਕੇ ਆਓ, ਨਾ ਕਿ ਫ਼ੋਟੋਕਾਪੀਆਂ:

- ਤੁਹਾਡੀ ਉਮਰ ਦਾ ਸਬੂਤ: ਜਨਮ ਦਾ ਸਰਟੀਫਿਕੇਟ ਜਾਂ ਪਾਸਪੋਰਟ
- ਤੁਹਾਡੀ ਪਛਾਣ ਦਾ ਸਬੂਤ: ਡ੍ਰਾਇਵਰ ਦਾ ਲਾਇਸੰਸ ਜਾਂ ਪਾਸਪੋਰਟ
- ਕਨੂੰਨੀ ਤੌਰ 'ਤੇ ਨਾਮ ਵਿੱਚ ਤਬਦੀਲੀ ਦਾ ਸਬੂਤ: ਵਿਆਹ ਦਾ ਸਰਟੀਫਿਕੇਟ, ਜੇ ਤੁਹਾਡਾ ਵਰਤਮਾਨ ਨਾਮ ਤੁਹਾਡੇ SSN ਕਾਰਡ 'ਤੇ ਨਹੀਂ ਹੈ
- ਯੂ.ਐੱਸ. ਨਾਗਰਿਕਤਾ ਦਾ ਸਬੂਤ ਜਾਂ ਕੰਮ-ਲਈ-ਅਧਿਕਾਰਿਤ ਦਾ ਦਰਜਾ:
    - ਜੇ ਤੁਸੀਂ ਕੋਈ ਯੂ.ਐੱਸ. ਨਾਗਰਿਕ ਹੋ – ਇੱਕ ਨਾਗਰਿਕਤਾ ਸਰਟੀਫਿਕੇਟ, ਯੂ.ਐੱਸ. ਜਨਤਕ ਜਨਮ ਸਰਟੀਫਿਕੇਟ, ਜਾਂ ਯੂ.ਐੱਸ. ਪਾਸਪੋਰਟ, ਜਾਂ
    - ਜੇ ਤੁਸੀਂ ਯੂ.ਐੱਸ. ਨਾਗਰਿਕ ਨਹੀਂ ਹੋ – ਇੱਕ ਸਥਾਈ ਵਸਨੀਕਤਾ ਕਾਰਡ (ਫ਼ਾਰਮ I-551), ਰੁਜ਼ਗਾਰ ਅਖਤਿਆਰਕਰਨ ਦਸਤਾਵੇਜ਼ (ਫ਼ਾਰਮ I-766), ਜਾਂ ਆਗਮਨ-ਪ੍ਰਸਥਾਨ ਰਿਕਾਰਡ (ਫ਼ਾਰਮ I-94) ਜੋ ਕੰਮ-ਲਈ-ਅਧਿਕਾਰਿਤ ਦਰਜਾ ਦਿਖਾਉਂਦਾ ਹੋਵੇ।

**DHS** ਨਾਲ ਸੰਪਰਕ ਕਰੋ:

ਇਸ ਮਸਲੇ ਨੂੰ ਹੱਲ ਕਰਨ ਲਈ ਕਾਰਵਾਈ ਕਰਨ ਵਾਸਤੇ, DHS ਨੂੰ 800-877-8339 (TTY: 800-877-8339) 'ਤੇ ਕਾਲ ਕਰੋ। ਕੋਈ ਪ੍ਰਤੀਨਿਧੀ ਤੁਹਾਡੇ ਮਸਲੇ ਦੇ ਵਿਸਥਾਰਾਂ ਦੇ ਸਬੰਧ ਵਿੱਚ ਕਾਰਜ ਕਰਨ ਲਈ ਤੁਹਾਡੀ ਮਦਦ ਕਰੇਗਾ।

ਜਦ ਤੁਸੀਂ DHS ਨੂੰ ਕਾਲ ਕਰਦੇ ਹੋ ਤਾਂ ਇਸ ਅਗਲੇਰੀ ਕਾਰਵਾਈ ਦੇ ਨੋਟਿਸ ਨੂੰ ਖੋਲ੍ਹ ਕੇ ਰੱਖੋ ਤਾਂ ਜੋ ਤੁਸੀਂ ਇਸਦਾ ਹਵਾਲਾ ਦੇ ਸਕੋਂ। DHS ਪ੍ਰਤੀਨਿਧ ਤੁਹਾਡੇ ਕੇਸ ਨੂੰ ਹੱਲ ਕਰਨ ਲਈ ਤੁਹਾਨੂੰ ਵਧੀਕ ਜਾਣਕਾਰੀ ਜਾਂ ਦਸਤਾਵੇਜ਼ਾਂ ਬਾਰੇ ਪੁੱਛ ਸਕਦਾ ਹੈ। ਜੇ ਤੁਹਾਨੂੰ ਕਿਸੇ ਹੋਰ ਭਾਸ਼ਾ ਵਿੱਚ ਮਦਦ ਚਾਹੀਦੀ ਹੈ, ਤਾਂ ਕਿਸੇ ਦੁਭਾਸ਼ੀਏ ਬਾਰੇ ਪੁੱਛਣਾ ਯਕੀਨੀ ਬਣਾਓ।

---

ਆਪਣੇ ਕੇਸ ਦੀ ਅਵਸਥਾ ਬਾਰੇ ਪੜਤਾਲ ਕਰਨ ਲਈ, https://selfcheck.uscis.gov/SelfCheckUI/CaseTracker 'ਤੇ myE-Verify ਦੇਖੋ।

ਕਿਰਪਾ ਕਰਕੇ ਹੇਠਾਂ ਦਰਸਾਓ ਕਿ ਕੀ ਤੁਸੀਂ ਇਸ ਕੇਸ ਨੂੰ ਲੜਨ ਦਾ ਇਰਾਦਾ ਰੱਖਦੇ ਹੋ ਜਾਂ ਨਹੀਂ।

| ਮੇਰੀ ਚੋਣ ਇਹ ਹੈ: (ਇੱਕ 'ਤੇ ਸਹੀ ਦਾ ਨਿਸ਼ਾਨ ਲਗਾਓ) | | | |
|---|---|---|---|
| ☐ | ਮੈਂ ਇਸ **E-Verify** ਕੇਸ ਨੂੰ ਹੱਲ ਕਰਨ ਲਈ ਕਾਰਵਾਈ ਕਰਾਂਗਾ/ਗੀ। ਮੈਂ ਸਮਝਦਾ/ਦੀ ਹਾਂ ਕਿ ਕਾਰਵਾਈ ਕਰਨ ਲਈ ਮੇਰੇ ਕੋਲ ______ਤੱਕ ਦਾ ਸਮਾਂ ਹੈ। | | |
| ☐ | ਮੈਂ ਇਸ **E-Verify** ਕੇਸ ਨੂੰ ਹੱਲ ਕਰਨ ਲਈ ਕਾਰਵਾਈ ਨਹੀਂ ਕਰਾਂਗਾ/ਗੀ। ਮੈਂ ਸਮਝਦਾ/ਦੀ ਹਾਂ ਕਿ ਜੇ ਮੈਂ ਕੋਈ ਕਾਰਵਾਈ ਨਹੀਂ ਕਰਦਾ/ਦੀ ਤਾਂ **E-Verify** ਸਿਸਟਮ ਇਹ ਪੁਸ਼ਟੀ ਕਰਨ ਦੇ ਅਯੋਗ ਹੋਵੇਗਾ ਕਿ ਮੈਂ ਯੂਨਾਈਟਡ ਸਟੇਟਸ ਵਿੱਚ ਕੰਮ ਕਰਨ ਲਈ ਅਧਿਕਾਰਿਤ ਹਾਂ ਅਤੇ ਮੇਰਾ ਰੁਜ਼ਗਾਰਦਾਤਾ ਮੇਰੇ ਰੁਜ਼ਗਾਰ ਨੂੰ ਸਮਾਪਤ ਕਰ ਸਕਦਾ ਹੈ। | | |
| ਕਰਮਚਾਰੀ ਦੇ ਦਸਤਖ਼ਤ | | ਤਾਰੀਖ਼ | |